# ਪੰਜਾਬੀ ਕਵਿਤਾ ਵਿਚ ਪੇਸ਼ ਪੰਜਾਬ ਸੰਕਟ

***ਮਨਦੀਪ ਕੌਰ **ਡਾ. ਜੋਤੀ ਸ਼ਰਮਾ**

***ਖੋਜਾਰਥਣ**, **ਦੇਸ਼ ਭਗਤ ਯੂਨੀਵਰਸਿਟੀ**, **ਸਹਾਇਕ ਪ੍ਰੋਫ਼ੈਸਰ, ਦੇਸ਼ ਭਗਤ ਯੂਨੀਵਰਸਿਟੀ

1947 ਈ ਤੋਂ ਬਾਅਦ ਦੀ ਪੰਜਾਬੀ ਕਵਿਤਾ ਨੂੰ ਉਤਰ ਬਸਤੀਵਾਦੀ ਕਵਿਤਾ ਵਿਚ ਸ਼ੁਮਾਰ ਕੀਤਾ ਜਾਂਦਾ ਹੈ। ਇਸ ਬਸਤੀਵਾਦੀ ਦੌਰ ਵਿੱਚ ਜਿਹੜੀਆਂ ਜਿਹੜੀਆਂ ਪ੍ਰਵਿਰਤੀਆਂ ਸਾਹਮਣੇ ਆਈਆਂ ਹਨ, ਉਹਨਾਂ ਵਿੱਚ ਪ੍ਰਯੋਗਵਾਦੀ ਕਾਵਿ ਪ੍ਰਵਿਰਤੀਆਂ, ਜੁਝਾਰਵਾਦੀ ਕਵਿਤਾ, ਪੰਜਾਬ ਸੰਕਟ ਦੀ ਕਵਿਤਾ, ਪਰਵਾਸੀ ਪੰਜਾਬੀ ਕਵਿਤਾ ਆਦਿ ਦਾ ਨਾਮ ਲਿਆ ਜਾ ਸਰਦਾ ਹੈ। ਪ੍ਰਯੋਗਵਾਦੀ ਕਾਵਿ-ਪ੍ਰਵਿਰਤੀ, ਪ੍ਰਗਤੀਵਾਦੀ ਕਾਵਿ ਪ੍ਰਵਿਰਤੀ ਦੇ ਵਿਰੋਧ ਵਿਚ ਪੈਂਦਾ ਹੋਣ ਵਾਲੀ ਕਾਵਿ ਪ੍ਰਵਿਰਤੀ ਹੈ।

ਇਤਿਹਾਸਕ ਤੌਰ ਤੇ ਇਸ ਦਾ ਸਮਾਂ 1955 ਈ: ਤੋਂ ਆਰੰਭ ਹੋ ਕੇ 1965 ਈ: ਤੱਕ ਸਰਗਰਮੀ ਨਾਲ ਚਲਦਾ ਰਹਿੰਦਾ ਹੈ। ਬਾਅਦ ਵਿੱਚ ਇਹ ਪ੍ਰਵਿਰਤੀ ਧੀਮੇ ਰੂਪ ਵਿੱਚ ਗਤੀਮਾਨ ਰਹਿੰਦੀ ਹੈ। 1965 ਈ: ਤੋਂ ਲੈ ਕੇ 1970 ਈ: ਤੱਕ ਦਾ ਸਮਾਂ ਪੰਜਾਬ ਵਿੱਚ ਕਵਿਤਾ ਨਾਲ ਜੋੜਿਆ ਜਾਂਦਾ ਹੈ। ਇਹ ਨਕਸਲਵਾਦੀ ਕਵਿਤਾ ਪ੍ਰਗਤੀਵਾਦੀ ਕਵਿਤਾ ਦਾ ਹੀ ਰੂਪਾਂਤਰਿਤ ਹੋਇਆ ਇਕ ਤਿੱਖਾ ਵੇਗ ਸੀ। ਜਿੱਥੇ ਪ੍ਰਗਤੀਵਾਦੀ ਕਵਿਤਾ ਲੰਮੇ ਸੰਘਰਸ਼ ਰਾਹੀਂ ਕ੍ਰਾਂਤੀ ਨੂੰ ਜਨਮ ਦੇਣ ਦੀ ਕੋਸ਼ਿਸ਼ ਵਿੱਚ ਸੀ। ਉੱਥੇ ਨਵ–ਪ੍ਰਗਤੀਵਾਦੀ ਕਵਿਤਾ ਹਥਿਆਰਬੰਦ ਹੋ ਕੇ ਕ੍ਰਾਂਤੀ ਨੇ ਜਨਮ ਦੇਣ ਵਾਲੀ ਉਤਾਵਲੇ ਰੂਪ ਵਿੱਚ ਪ੍ਰਗਟ ਹੋਈ ਕਵਿਤਾ ਸੀ। ਇਹ ਕਵਿਤਾ ਨਾਅਰੇ ਦੇ ਰੂਪ ਵਿਚ ਸੀ ਅਤੇ ਇਸ ਦੀਆਂ ਜੜ੍ਹਾਂ ਪੰਜਾਬੀ ਸਮਾਜ ਅਤੇ ਸੱਭਿਆਚਾਰ ਜਾਂ ਸੰਸਕ੍ਰਿਤੀ ਵਿੱਚ ਡੂੰਘੀ ਤਰ੍ਹਾਂ ਨਹੀਂ ਸਮਾਈਆਂ ਹੋਈਆਂ ਸਨ। ਇਸ ਲਈ ਇਹ ਲਹਿਰ ਕੁਝ ਕੁ ਅਰਸੇ ਬਾਅਦ ਸਮਾਪਤ ਹੋ ਗਈ। ਅਰਸਾ ਅਜਿਹਾ ਆਉਂਦਾ ਹੈ ਜਦੋਂ ਪੰਜਾਬੀ ਕਵਿਤਾ ਵਿਚ ਨਵੀਨ ਚੇਤਨਾ ਦਾ ਜਨਮ ਹੁੰਦਾ ਹੈ। ਇਸ ਵਿਚ ਸ਼ਹਿਰੀ ਜਮਾਤ ਦੀਆਂ ਇੱਛਾਵਾਂ ਅਤੇ ਪ੍ਰਾਪਤੀਆਂ ਦੇ ਤਣਾਓ ਨੂੰ ਪੇਸ਼ ਕਰਦਿਆਂ ਲਘੂ ਮਾਨਵ ਦੀ ਹੋਈ ਨੂੰ ਪੇਸ਼ ਕੀਤਾ ਜਾਂਦਾ ਰਿਹਾ ਹੈ।

ਉਪਰੋਕਤ ਸਾਰੀਆਂ ਕਾਵਿ ਪ੍ਰਵਿਰਤੀਆਂ ਤੋਂ ਬਾਅਦ 1978 ਈ. ਤੋਂ 1993 ਈ. ਤੱਕ ਦਾ ਸਮਾਂ ਅਜਿਹਾ ਹੈ ਜਿਸ ਨੂੰ ਪੰਜਾਬ ਸੰਕਟ ਵਜੋਂ ਜਾਣਿਆਂ ਜਾਂਦਾ ਹੈ। ਇਸ ਸਮੇਂ ਵਿਚ ਅੰਤਰਰਾਸ਼ਟਰੀ ਪੱਧਰ ਤੇ ਦੇਖਿਆ ਗਿਆ ਹੈ ਕਿ ਜਦੋਂ ਕਿ ਵੀ ਕਿਸੇ ਦੇਸ਼ ਵਿਚ ਧਾਰਮਿਕ ਜਾ ਰਾਜਸੀ ਪੱਧਰ ਤੇ ਕੋਈ ਉਥੱਲ-ਪੁੱਥਲ ਹੁੰਦੀ ਹੈ, ਤਾਂ ਸਾਮਰਾਜ ਤਾਕਤਾਂ ਨਿੱਜੀ ਹਿੱਤਾਂ ਕਰਕੇ ਦੂਸਰੇ ਦੇਸ਼ਾਂ ਦੀ ਅਖੰਡਤਾ ਨੂੰ ਖੰਡਿਤ ਕਰਨ ਲਈ ਆਪਣੀ ਤਾਕਤ ਦੁਰਉਪਯੋਗ ਕਰਨ ਲੱਗਦੀਆਂ ਹਨ। ਇਸ ਨਾਲ ਸੰਸਾਰਿਕ ਪੱਧਰ ਤੇ ਇੱਕ ਅਜਿਹੇ ਯੁੱਧ ਦਾ ਅਖਾੜਾ ਬਣ ਜਾਂਦਾ ਹੈ। ਜਿੱਥੇ ਕੁਝ ਦੇਸ਼ ਹੱਕ ਵਿਚ ਕੁਝ ਦੇਸ਼ ਵਿਰੋਧ ਹੀ ਪੰਜਾਬ ਸੰਕਟ ਦੇ ਸਮਿਆਂ ਵਿਚ ਭਾਰਤ ਨਾਲ ਹੋਈ ਸੀ। ਭਾਰਤ ਦੇ ਨਾਲ ਲੱਗਦਾ ਪਾਕਿਸਤਾਨ ਆਪਣੀਆਂ ਨਿੱਜੀ ਦੁਸ਼ਮਣੀਆਂ ਕਰਕੇ ਭਾਰਤ ਦੀ ਆਰਥਿਕਤਾ ਨੂੰ ਖੇਰੂੰ-ਖੇਰੂੰ ਕਰਨ ਦੀਆਂ ਵਿਉਂਤ ਬਣਾਉਂਦਾ ਰਹਿੰਦਾ ਹੈ। ਦੂਸਰੇ ਪਾਸੇ ਅਮਰੀਕੀ ਸਾਮਰਾਜ ਨੇ ਕੁਝ ਅਜਿਹੀਆਂ ਏਜੰਸੀਆਂ ਕਾਇਮ ਕੀਤੀਆਂ ਹੋਈਆਂ ਹਨ ਜਿਨ੍ਹਾਂ ਦਾ ਮਨੋਰਥ ਬਲਦੀ ਅੱਗ ਉੱਤੇ ਤੇਲ ਪਾਉਣਾ ਹੁੰਦਾ ਹੈ। ਇੰਗਲੈਂਡ ਦੇ ਪ੍ਰਸਿੱਧ ਆਲੋਚਕ ਹਰਬਖ਼ਸ਼ ਮਕਸੂਦਪੁਰੀ ਆਪਣੀ ਪੁਸਤਕ “ਕ੍ਰਾਂਤੀਕਾਰੀ ਸਿੱਖ ਲਹਿਰ ਅਤੇ ਪ੍ਰਤੀ ਕ੍ਰਾਂਤੀ” ਵਿਚ ਲਿਖਦੇ ਹਨ।

ਸੀ. ਆਈ. ਏ ਨੇ ਆਪਣੇ ਇਸ ਪਲੈਨ ਨੂੰ ਸਿਰੇ ਚਾੜ੍ਹਨ ਲਈ ਸਿੱਖਾਂ ਦੀਆਂ ਜਥੇਬੰਦੀਆਂ ਵਿਚ ਆਪਣੇ ਏਜੰਟ ਪੈਦਾ ਕੀਤੇ। ਕੁਝ ਅਜਿਹੀਆਂ ਨਵੀਂਆਂ ਸਿੱਖ ਜਥੇਬੰਦੀਆਂ ਖੜੀਆਂ ਕੀਤੀਆਂ ਜਿਹੜੀਆਂ ਅਤਿ ਕਿਸਮ ਦੀਆਂ ਕਮਿਊਨਿਸਟ ਵਿਰੋਧੀ ਅਤੇ ਰੂਸ ਵਿਰੋਧੀ ਸਨ। ਅਜਿਹੀਆਂ ਜਥੇਬੰਦੀਆਂ ਨੂੰ ਲੱਖਾਂ ਡਾਲਰਾਂ ਦੇ

ਹਥਿਆਰ ਪਹੁੰਚਾਏ ਗਏ। ਇਨ੍ਹਾਂ ਸੀ. ਆਈ. ਏ ਦੇ ਏਜੰਟਾਂ ਨੇ ਧਰਮਯੁੱਧ ਮੋਰਚੇ ਦੀ ਆੜ ਲੈ ਕੇ ਆਪਣੀਆਂ ਅਤਿਵਾਦੀ ਅਤੇ ਵੱਖਵਾਦੀ ਸਰਗਰਮੀਆਂ ਆਰੰਭ ਕਰ ਦਿੱਤੀਆਂ।" [1]

1978 ਈ. ਤੋਂ 1993 ਈ. ਤੱਕ ਸਮਾਂ ਅਜਿਹਾ ਹੈ ਜਦੋਂ ਬਹੁਤ ਸਾਰੇ ਨੌਜਵਾਨ ਪੜ੍ਹ ਲਿਖ ਕੇ ਬੇਰੁਜ਼ਗਾਰੀ ਦੀ ਅਵਸਥਾ ਨੂੰ ਭੋਗ ਰਹੇ ਸਨ। ਉਹ ਰਾਜਸੀ ਨੇਤਾਵਾਂ ਦੇ ਝੂਠੇ ਅਤੇ ਖੋਖਲੇ ਆਦਰਸ਼ਾਂ ਤੋਂ ਵਾਕਫ਼ ਹੋ ਚੁੱਕੇ ਸਨ। ਇਸ ਲਹਿਰ ਦੀ ਉਤਪਤੀ ਬਾਰੇ ਭਾਵੇਂ ਪ੍ਰਮਾਣਿਕਤਾ ਨਾਲ ਕੁਝ ਨਹੀਂ ਕਿਹਾ ਜਾ ਸਕਦੇ ਹਨ, ਕੁਝ ਕਿਆਫ਼ੇ ਹੀ ਲਗਾਏ ਜਾ ਸਕਦੇ ਹਨ। ਇਸ ਲਹਿਰ ਦੀ ਉਤਪਤੀ ਬਾਰੇ ਪ੍ਰੋ: ਸੁਹਿੰਦਰ ਬੀਰ ਦਾ ਵਿਚਾਰ ਹੈ।

ਰਾਜਸੀ ਜੀਵਨ ਦੀ ਕਾਰਗੁਜ਼ਾਰੀ ਅਜੋਕੇ ਸਮਿਆਂ ਵਿਚ ਏਨੀ ਜਟਿਲ, ਪੇਚੀਦਾ ਅਤੇ ਸੁਆਰਥੀ ਹੁੰਦੀ ਹੈ ਕਿ ਰਾਜਸੀ ਜੀਵਨ ਦੇ ਦਰਸ਼ਨ ਨੂੰ ਇਸ ਦੀ ਅਸਲੀ ਹਕੀਕਤ ਦਾ ਗਿਆਨ ਹੀ ਨਹੀਂ ਸੀ ਹੁੰਦਾ। ਪੰਜਾਬ ਵਿਚ ਸੰਕਟ ਜਾਂ ਖ਼ਾਲਿਸਤਾਨ ਦੀ ਲਹਿਰ ਜੋ ਅੱਠਵੇਂ ਦਹਾਕੇ ਦੇ ਅੰਤਲੇ ਵਰ੍ਹਿਆਂ ਵਿੱਚ ਆਰੰਭਤਾ ਹੋਈ, ਉਸ ਬਾਰੇ ਰਾਜਸੀ ਮਾਹਿਰਾਂ ਦੀ ਇਹ ਵੀ ਕਥਨ ਸੀ ਕਿ ਲਹਿਰ ਕਾਂਗਰਸ ਦੀ ਦੇਣ ਹੈ ਇਸ ਨਾਲ ਉਹ ਅਕਾਲੀ ਪਾਰਟੀ ਨੂੰ ਖੇਰੂੰ-ਖੇਰੂੰ ਕਰਨਾ ਚਾਹੁੰਦੇ ਸਨ।[2]

ਜਿਵੇਂ ਅਸੀਂ ਉੱਪਰ ਕਿਹਾ ਹੈ ਕਿ ਇਹ ਸੰਸਾਰ ਦੇ ਕਿਸੇ ਵੀ ਦੇਸ਼ ਵਿਚ ਜਦੋਂ ਲਾਅ ਅਤੇ ਆਰਡਰ ਦੀ ਅੰਦਰੂਨੀ ਸਮੱਸਿਆ ਪੈਦਾ ਹੁੰਦੀ ਹੈ ਤਾਂ ਵਿਦੇਸ਼ੀ ਤਾਕਤਾਂ ਆਪਣੇ ਨਿੱਜੀ ਹਿੱਤਾਂ ਲਈ ਉਸ ਨੂੰ ਵਰਤਣ ਲੱਗ ਪੈਂਦੀਆਂ ਹਨ। ਹਰਬਖ਼ਸ਼ ਸਿੰਘ ਮਕਸੂਦਪੁਰੀ ਇਸ ਦੇ ਪ੍ਰਸੰਗ ਬਾਰੇ ਲਿਖਦੇ ਹਨ:-

ਇਹ ਕਾਂਗਰਸ ਦੇ ਇੱਕ ਜਾਂ ਦੂਜੇ ਧੜੇ ਦੀ ਸਰਕਾਰ ਹੀ ਸੀ ਜਿਸ ਨੇ ਭਿੰਡਰਾਂਵਾਲੇ ਤੇ ਉਸ ਦੇ ਬੰਦਿਆਂ ਨੂੰ ਅਗਨ ਹਥਿਆਰ ਦੇ ਲਸੰਸਾਂ ਨਾਲ ਨਿਵਾਜਿਆਂ ਸੀ ਇਹ ਕਾਂਗਰਸ ਦੀ ਕੇਂਦਰ ਸਰਕਾਰ ਹੀ ਸੀ ਜਿਸ ਦੇ ਆਦੇਸ਼ਾਂ ਨਾਲ ਭਿੰਡਰਾਂਵਾਲੇ ਨੂੰ ਪੂਰੀ ਪਬਲਿਸਿਟੀ ਦੇ ਕੇ ਰਿਹਾਅ ਕੀਤਾ ਗਿਆ। ਸੀ. ਆਈ. ਏ ਦੀ ਮਦਦ ਰਾਹੀਂ ਅਮਰੀਕਨ ਸਮਾਜ ਨੇ ਕਮਿਊਨਿਸਟ ਦੀ ਚੜ੍ਹਤ ਨੂੰ ਰੋਕਣ ਲਈ ਭਾਰਤੀ ਉਪ-ਮਹਾਂਦੀਪ ਵਿਚ ਜਿਹੜੀ ਯੁੱਧ–ਚਾਲ ਅਪਣਾਈ ਸੀ ਉਹ ਇਹ ਸੀ ਕਿ ਆਪਣੇ ਪੱਕੇ ਹਮਾਇਤੀ ਪਾਕਿਸਤਾਨ ਨੂੰ ਨਵੀਨਤਮ ਹਥਿਆਰਾਂ ਨਾਲ ਪੂਰੀ ਤਰ੍ਹਾਂ ਲੈਸ ਕਰ ਦਿੱਤਾ ਜਾਵੇ ਤੇ ਆਪਣੇ ਦੁਸ਼ਮਣ ਰੂਸ ਦੇ ਹਮਾਇਤੀ ਭਾਰਤ ਦੇ ਟੁਕੜੇ-ਟੁਕੜੇ ਕਰ ਦਿੱਤੇ ਜਾਣ।"[3]

ਡਾ. ਬਲਜੀਤ ਕੌਰ ਨੇ ਆਪਣੀ ਪੁਸਤਕ 20ਵੀਂ ਸਦੀ ਦੀ ਪੰਜਾਬੀ ਕਵਿਤਾ ਵਿੱਚ ਪੰਜਾਬ ਸੰਕਟ ਦੇ ਪੈਦਾ ਹੋਣ ਦੇ ਕਾਰਨ ਦੀ ਘੋਖ ਪੜਤਾਲ ਕਰਦਿਆਂ ਹੇਠ ਲਿਖੇ ਅਨੁਸਾਰ ਨਿਸ਼ਾਨਦੇਹੀ ਕੀਤੀ ਹੈ:-

ਜਦੋਂ ਇਹ ਸੰਕਟ ਪੰਜਾਬ ਵਿਚੋਂ ਵਾਪਰ ਰਿਹਾ ਸੀ ਤਾਂ ਉਸ ਸਮੇਂ ਪ੍ਰਗਤੀਵਾਦੀ ਲੇਖਕਾਂ ਨੇ ਵੱਖਵਾਦੀ ਤਾਕਤਾਂ ਦਾ ਵਿਰੋਧੀ ਕਰਨਾ ਸ਼ੁਰੂ ਕੀਤਾ ਜਿਸ ਦੇ ਸਿੱਟੇ ਵਜੋਂ ਪੰਜਾਬੀ ਦੇ ਬੁੱਧੀਜੀਵੀਆਂ ਅਤੇ ਪ੍ਰਤਿਭਾਸ਼ੀਲ ਕਵੀਆਂ ਨੂੰ ਆਪਣਾ ਜੀਵਨ ਵੀ ਕੁਰਬਾਨ ਕਰਨਾ ਪਿਆ। ਦੇਸ਼ ਅਤੇ ਵਿਦੇਸ਼ ਵਿੱਚ ਪ੍ਰਗਤੀਵਾਦੀ ਚੇਤਨਾ ਨਾਲ ਸੰਬੰਧਿਤ ਚਿੰਤਕਾਂ, ਬੁੱਧੀਜੀਵੀਆਂ ਅਤੇ ਸਾਹਿਤਕਾਰਾਂ ਨੇ ਇਸ ਸੰਕੀਰਨ ਸੋਚ ਦਾ ਵਿਰੋਧ ਕੀਤਾ। ਪੰਜਾਬੀ ਦੇ ਪ੍ਰਬੁੱਧ ਕਵੀ ਡਾ. ਜਗਤਾਰ, ਪਾਸ਼, ਸੁਰਿੰਦਰ ਗਿੱਲ, ਸੁਰਜੀਤ ਪਾਤਰ, ਹਰਭਜਨ ਸਿੰਘ ਹੁੰਦਲ, ਹਰਭਜਨ ਹਲਵਾਰਵੀ, ਸੁਰਿੰਦਰ ਗਿੱਲ, ਸੰਤ ਸੰਧੂ, ਦਰਸ਼ਨ ਖਟਕੜ ਆਦਿ ਕਵੀਆਂ ਤੋਂ ਇਲਾਵਾ ਜੋ ਵਿਦੇਸ਼ਾਂ ਵਿੱਚ ਪ੍ਰਗਤੀਵਾਦੀ ਧਾਰਾ ਦੇ ਨਾਲ ਜੁੜੇ ਹੋਏ ਕਵੀ ਸਨ। ਉਹਨਾਂ ਨੇ ਵੀ ਪ੍ਰਗਤੀਸ਼ੀਲ ਸੋਚ ਦੇ ਪੈਂਤੜੇ ਅਧੀਨ ਇਸ ਸੋਚ ਦਾ ਵਿਰੋਧ ਕੀਤਾ। ਉਹਨਾਂ ਕਵੀਆਂ ਵਿੱਚ ਨਿਰੰਜਨ ਸਿੰਘ ਨੂਰ, ਮੁਸ਼ਤਾਖ ਸਿੰਘ ਮੁਸ਼ਤਾਖ, ਸੰਤੋਖ ਸਿੰਘ ਸੰਤੋਖ, ਗੁਰਚਰਨ ਰਾਮਪੁਰੀ, ਸੁਖਵਿੰਦਰ ਕੰਬੋਜ ਆਦਿ ਨੇ ਉਸਾਰੂ ਸੋਚ ਅਪਣਾਉਂਦੇ ਹੋਏ ਪੰਜਾਬੀ ਨਸਿਕਤਾ ਨੂੰ ਧਰਮ, ਜਾਤ-ਪਾਤ, ਰੰਗ ,ਨਸਲ ਆਦਿ ਦੇ ਵਿਤਕਰੇ ਤੋਂ ਉੱਪਰ ਉੱਠ ਕੇ ਮਾਨਵੀ ਸੰਵੇਦਨਾ ਦਾ ਇਜ਼ਹਾਰ ਕੀਤਾ।"[4] ਪੰਜਾਬੀ ਦੇ ਇੱਕ ਪ੍ਰਮੁੱਖ ਕਵੀ ਦਵਿੰਦਰ ਜੋਸ਼ ਨੇ ਇਸ ਸੰਕਟ ਬਾਰੇ ਇੱਕ ਬਹੁਤ ਹੀ ਮਹੱਤਵਪੂਰਨ ਵਿਚਾਰ ਪ੍ਰਗਟ ਕੀਤੇ ਹਨ, ਉਹ ਲਿਖਦਾ ਹੈ :-

ਵਾਰਿਸ ਸ਼ਾਹ ਦੀ ਹੀਰ ਨੂੰ ਵੰਡ ਸਕਦਾ ਹੈ ਕੌਣ
ਸੋਹਣੀ ਧਰਤ ਪੰਜਾਬ ਦੀ ਭਾਵੇਂ ਵੰਡੋ ਹੋਰ।"[5]

ਪੰਜਾਬ ਵਿੱਚ ਇਹ ਸਮਾਂ ਖ਼ੌਫ਼ ਭਰਿਆ ਅਤੇ ਮਾਰ-ਧਾੜ ਵਾਲਾ ਸੀ ਇਸ ਕਰਕੇ ਕਵੀ ਇਹਨਾਂ ਦੀ ਸਿੱਧਾ ਨੁਕਤਾ ਚੀਨੀ ਕਰਨ ਤੋਂ ਪਰਹੇਜ਼ ਕਰਦੇ ਸਨ ਪਰ ਆਪਣੇ ਮਨ ਦੇ ਭਾਵਾਂ ਨੂੰ ਅਸਿੱਧੇ ਰੂਪ ਵਿੱਚ ਪੇਸ਼ ਕਰਦੇ ਸਨ। ਵਿਦੇਸ਼ ਵਿੱਚ ਬੈਠੇ ਹੋਏ ਲੇਖਕਾਂ ਦੀ ਅਜਿਹੀ ਮਜਬੂਰੀ ਨਹੀਂ ਸੀ, ਉਹ ਪ੍ਰਤੱਖ ਰੂਪ ਰਾਹੀਂ ਆਪਣੇ ਵਿਚਾਰ ਪ੍ਰਗਟ ਕਰਦੇ ਹਨ।

ਪੰਜਾਬ ਦੇ ਕੁਝ ਕੁ ਕਵੀਆਂ ਦੀਆਂ ਰਚਨਾਵਾਂ ਰਾਹੀਂ ਅਸੀਂ ਪੰਜਾਬ ਸੰਕਟ ਦੇ ਕਾਵਿ ਪ੍ਰਤੀਕਰਮ ਨੂੰ ਜ਼ਾਹਰ ਕਰ ਸਕਦੇ ਹਾਂ। ਡਾ. ਬਲਜੀਤ ਕੌਰ ਅਨੁਸਾਰ ਇਹ ਕਾਵਿ-ਪ੍ਰਤੀਕਰਮ ਹੇਠ ਲਿਖਿਆ ਸੀ:-

ਪੰਜਾਬ ਦੇ ਇਸ ਅਤਿਅੰਤ ਦੁਖਦਾਈ ਸੰਕਟ ਦੌਰਾਨ ਇਸ ਨਾਲ ਸੰਬੰਧਿਤ ਹੋ ਕੇ ਜੋ ਪੰਜਾਬੀ ਕਵਿਤਾ ਲਿਖੀ ਗਈ ਹੈ, ਉਸ ਦੇ ਅਧਿਐਨ ਤੋਂ ਇਸ ਸੰਕਟ ਦੇ ਰਾਜਨੀਤਿਕ, ਆਰਥਿਕ, ਧਾਰਮਿਕ ਤੇ ਮਨੋਵਿਗਿਆਨਕ ਕਾਰਨਾਂ ਨੂੰ ਤਲਾਸ਼ਣ ਅਤੇ ਇਸ ਦੇ ਦੋਸ਼ੀ ਧਿਰਾਂ ਵੱਲ ਉਂਗਲ ਕਰਨ ਦੇ ਸੰਕੇਤ ਉਪਲਬਧ ਹੁੰਦੇ ਹਨ। ਇਹ ਕਵਿਤਾ ਇਸ ਸੰਕਟ ਤੋਂ ਪਹਿਲਾਂ ਤੇ ਇਸ ਦੇ ਦੌਰਾਨ ਵਾਪਰੀਆਂ ਕੁਲੱਛਣੀਆਂ ਘਟਨਾਵਾਂ ਅਤੇ ਉਨ੍ਹਾਂ ਦੇ ਭਿਆਨਕ ਪ੍ਰਭਾਵਾਂ ਦਾ ਸੂਤਰੀਕਰਨ ਹੈ।”[6]

ਜਦੋਂ ਅਸੀਂ ਉਸ ਦੌਰ ਵਿੱਚ ਲਿਖੀ ਗਈ ਕਵਿਤਾ ਬਾਰੇ ਧਿਆਨ ਕੇਂਦਰਿਤ ਕਰਦੇ ਹਾਂ ਤਾਂ ਨਿਮਨ ਲਿਖਤ ਕਵੀਆਂ ਦੀਆਂ ਰਚਨਾਵਾਂ ਸਾਡੇ ਸਾਹਮਣੇ ਆਉਂਦੀਆਂ ਹਨ।:-

ਪਰਿੰਦੇ ਜਾਣ ਹੁਣ ਕਿੱਥੇ?
ਤੁਸਾਂ ਤਾਂ ਆਲ੍ਹਣੇ ਸਭ ਸਾੜ ਨੇ ਦਿੱਤੇ,
ਪਰਿੰਦੇ ਜਾਣ ਹੁਣ ਕਿੱਥੇ?
ਜਿਗਰ ਪਾਟਾ ਕਿਸੇ ਦੀ ਅੱਖ ਗੁਆਚੀ,
ਕਿਸੇ ਦੇ ਕਰ ਕਿਸੇ ਦੇ ਪਰ ਸੜੇ ਨੇ,
ਤੁਹਾਨੂੰ ਕੀ ਪਤਾ ਦਿਲ ਹੀਣਿਆਂ ਨੂੰ
ਕਿ ਇੱਕ ਇੱਕ ਘਰ ’ਚ ਕਿੰਨੇ ਘਰ ਸੜੇ ਨੇ,
ਛੁਪੀ ਹੋਈ ਅਗਨ ਰੋਹ ਦੀ,
ਧੁਆਂਖੇ ਚਿਹਰਿਆਂ ਪਿੱਛੇ
ਪਰਿੰਦੇ ਜਾਣ ਹੁਣ ਕਿੱਥੇ?[7]

ਸਭ ਤੋਂ ਖ਼ਤਰਨਾਕ ਹੁੰਦਾ ਹੈ,
ਮੁਰਦਾ ਸ਼ਾਂਤੀ ਨਾਲ ਭਰ ਜਾਣਾ,
ਨਾ ਹੋਣਾ ਤੜਪ ਦਾ, ਸਭ ਸਹਿਣ ਕਰ ਜਾਣਾ
ਘਰਾਂ ਤੋਂ ਨਿਕਲਣਾ ਕੰਮ ਤੇ
ਤੇ ਕੰਮ ਤੋਂ ਘਰ ਜਾਣਾ,
ਸਭ ਤੋਂ ਖ਼ਤਰਨਾਕ ਹੁੰਦਾ ਹੈ
ਸਾਡੇ ਸੁਪਨਿਆਂ ਦਾ ਮਰ ਜਾਣਾ।[8]

ਹਰੇਕ ਬੂੰਦ ਦਾ ਹਿਸਾਬ ਕਰੋ,
ਮੇਰੇ ਪੰਜਾਬ ਨੂੰ ਪੰਜਾਬ ਕਰੋ
ਬੜਾ ਗੰਧਲ਼ਿਆਂ ਇਸ ਦਾ ਪਾਣੀ
ਇਹਦੀ ਮਿੱਟੀ ਨੂੰ ਨਾ ਖ਼ਰਾਬ ਕਰੋ
ਕਟਾਰ ਹੋ ਗਿਆ ਹੈ ਮਰਦਾਨਾ
ਇਹਦੇ ਹੱਥਾਂ ’ਚ ਫਿਰ ਰਬਾਬ ਕਰੋ,
ਇਨ੍ਹਾਂ ’ਚ ਮੈਲ ਸਾਰੀ ਧੋ ਲਈਏ,
ਡੂੰਘੇ ਜ਼ਖ਼ਮਾਂ ਨੂੰ ਵੀ ਤਲਾਬ ਕਰੋ,”[9]

ਉਪਰੋਕਤ ਕਵੀਆਂ ਦੀਆਂ ਕਾਵਿ ਸਤਰਾਂ ਜੋ ਅਸੀਂ ਹਵਾਲੇ ਵਜੋਂ ਪੇਸ਼ ਕੀਤੀਆਂ ਹਨ ਇਨ੍ਹਾਂ ਵਿੱਚ ਸਮੁੱਚੇ ਪੰਜਾਬ ਦਾ ਦਰਦ ਸਮਾਇਆ ਹੋਇਆ ਹੈ। ਜਿਹੜਾ ਵੀ ਵਿਅਕਤੀ ਧਰਤੀ ਦੀ ਕਿਸੇ ਜਗ੍ਹਾ ਤੇ ਰਹਿ ਰਿਹਾ ਹੈ ਹੁੰਦਾ ਹੈ ਉਸ ਨਾਲ ਉਸ ਦਾ ਜਜ਼ਬਾਤੀ ਰਿਸ਼ਤਾ ਬਣ ਜਾਂਦਾ ਹੈ। ਆਪਣੀ ਮਾਤ ਭੂਮੀ ਦਾ ਕੋਈ ਤਿਆਗ ਨਹੀਂ ਕਰਦਾ। ਡਾ. ਜਗਤਾਰ ਨੇ ਇਸ ਵਿਚਾਰ ਨੂੰ ਬੜੇ ਭਾਵਪੂਰਤ ਤਰੀਕੇ ਨਾਲ ਪੇਸ਼ ਕੀਤਾ ਹੈ। ਪੰਜਾਬ ਦੇ ਸੰਕਟ ਦੁਖਾਂਤਕ ਸਥਿਤੀ ਨੂੰ ਪੇਸ਼ ਕਰਦਿਆਂ ਸੁਰਜੀਤ ਪਾਤਰ ਸੁਖਾਵੇਂ ਮਾਹੌਲ ਦੀ ਕਾਮਨਾ ਕੀਤੀ ਹੈ। ਪਾਸ਼ ਨੇ ਆਪਣੀ ਕਵਿਤਾ ਸਭ ਤੋਂ ਖ਼ਤਰਨਾਕ ਵਿੱਚ ਕਵੀਆਂ ਦੀ ਖ਼ਾਮੋਸ਼ੀ ਧਾਰਨ ਉਪਰੰਤ ਉਸ ਨੂੰ ਨਿਹੋਰਾ ਮਾਰਿਆ ਸੀ ਕਿ ਸੰਕਟ ਦੇ ਸਮੇਂ ਵਿਚ ਖ਼ਮੋਸ਼ ਹੋ ਜਾਣਾ ਖ਼ਤਰਨਾਕ ਹੁੰਦਾ ਹੈ। ਪਾਸ਼ ਨੇ ਇਹ ਕਵਿਤਾ ਉਦੋਂ ਲਿਖੀ ਜਦੋਂ ਅਜੇ ਸੰਕਟ ਦਾ ਆਰੰਭ ਹੀ ਹੋਇਆ ਸੀ, ਉਹ ਆਪ ਭਾਵੇਂ, ਅਮਰੀਕਾ ਚਲਾ ਗਿਆ ਸੀ, ਪਰ ਅਮਰੀਕਾ ਵਿੱਚ ਰਹਿ ਕੇ ਉਹ

ਪੰਜਾਬ ਸੰਕਟ ਬਾਰੇ ਗੰਭੀਰਤਾ ਨਾਲ ਸੋਚਦਾ ਸੀ। ਇਹੋ ਜਿਹੇ ਮਾਹੌਲ ਵਿਚ ਉਨ੍ਹਾਂ ਨੇ ਪੰਜਾਬ ਸੰਕਟ ਨਾਲ ਸੰਬੰਧਿਤ ਕਾਵਿ ਰਚਨਾਵਾਂ ਦੀ ਸਿਰਜਣਾ ਕੀਤੀ ਜਿਨ੍ਹਾਂ ਵਿੱਚ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਨੂੰ ਭਰਪੂਰ ਹੁੰਗਾਰਾ ਮਿਲਿਆ।

**ਹਵਾਲੇ ਤੇ ਟਿੱਪਣੀਆਂ**

1. ਹਰਬਖ਼ਸ਼ ਮਕਸੂਦਪੁਰੀ, ਕ੍ਰਾਂਤੀਕਾਰੀ ਸਿੱਖ ਲਹਿਰ ਅਤੇ ਪ੍ਰਤੀ ਕ੍ਰਾਂਤੀ, ਪੰਨਾ- 114
2. ਪ੍ਰੋ. ਸੁਹਿੰਦਰ ਬੀਰ, ਪੰਜਾਬੀ ਸਾਹਿਤ ਥੀਮ ਅਤੇ ਵਿਹਾਰ, ਪੰਨਾ249-50
3. ਹਰਬਖ਼ਸ਼ ਮਕਸੂਦਪੁਰੀ, ਕ੍ਰਾਂਤੀਕਾਰੀ ਸਿੱਖ ਲਹਿਰ ਅਤੇ ਪ੍ਰਤੀ ਕ੍ਰਾਂਤੀ,ਪੰਨਾ-115
4. ਡਾ. ਬਲਜੀਤ ਕੌਰ, 20 ਵੀਂ ਸਦੀ ਦੀ ਪੰਜਾਬੀ ਕਵਿਤਾ, ਪੰਨਾ-217
5. ਪ੍ਰੋ. ਸੁਹਿੰਦਰ ਬੀਰ, ਪੰਜਾਬੀ ਸਾਹਿਤ ਥੀਮ ਅਤੇ ਵਿਹਾਰ, ਪੰਨਾ-166
6. ਡਾ. ਬਲਜੀਤ ਕੌਰ, 20 ਵੀਂ ਸਦੀ ਦੀ ਪੰਜਾਬੀ ਕਵਿਤਾ, ਪੰਨਾ-217
7. ਡਾ. ਜਗਤਾਰ,ਪਰਿੰਦਿਆਂ ਦਾ ਮਰਸੀਆਂ,ਚਨੁਕਰੀ ਸ਼ਾਮ,ਪੰਨਾ-26
8. 8.ਰਾਜਿੰਦਰ ਪਾਲ ਸਿੰਘ, ਪਾਸ਼ ਮੈਂ ਹੁਣ ਵਿਦਾ ਹੁੰਦਾ ਹਾਂ, ਪੰਨਾ-9 ,
9. ਸੁਰਜੀਤਪਾਤਰ,ਮੇਰੀਆਵਾਜ਼ਦੀਆਵਾਰਗੀਨੂੰ,ਬਿਰਖਅਰ ਜ਼ਕਰੇ,ਪੰਨਾ- 55-56